2.2487829


# ਰਾਜ ਵਿਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ

ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ, ਬਲਾਕ-ਈ, ਛੇਵੀਂ ਮੰਜਿਲ, ਫੇਜ਼-8, ਮੋਹਾਲੀ

ਈਮੇਲ: directorscert@punjabeducation.gov.in, ਫੋਨ.ਨੰ: 0172-2212221


ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.),
ਪੰਜਾਬ।

4-6 ਸ਼ਾਖਾ

ਮੀਮੋ ਨੰਬਰ: SCERT/SCI/2024/167936/e#698051 ਮਿਤੀ: ਐਸ.ਏ.ਐਸ.ਨਗਰ:12/07/2024

**ਵਿਸ਼ਾ: National Level Eco Creativity and Innovation Hackathon ਵਿੱਚ ਭਾਗ ਲੈਣ ਸੰਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਉਕਤ ਅੰਕਿਤ ਵਿਸ਼ੇ ਦੇ ਸੰਬੰਧ ਵਿੱਚ ਭਾਰਤ ਸਰਕਾਰ ਦੇ ਸਕੂਲੀ ਸਿੱਖਿਆ ਅਤੇ ਸਾਖਰਤਾ ਵਿਭਾਗ, ਨਵੀਂ ਦਿੱਲੀ ਦੁਆਰਾ ਮਿਸ਼ਨ ਲਾਈਫ ਲਈ ਈਕੋ ਕਲੱਬ ਅਧੀਨ ਵਾਤਾਵਰਨ ਸੰਬੰਧੀ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ।

3.0 ਉਕਤ ਚੱਲ ਰਹੇ ਰਾਸ਼ਟਰ-ਪੱਧਰੀ ਉਪਰਾਲੇ ਦੇ ਹਿੱਸੇ ਵੱਜੋ Pi Jam Foundation ਦੁਆਰਾ ਡਿਜ਼ਾਇਨ Creativity and Innovation Hackathon 5 ਜੂਨ, 2024 ਨੂੰ ਲਾਂਚ ਕੀਤਾ ਗਿਆ ਹੈ। ਇਸ ਈਕੋ ਹੈਕਾਥਨ ਦਾ ਉਦੇਸ਼ ਵਿਦਿਆਰਥੀਆਂ, ਸਿੱਖਿਆ ਕਰਤਾ ਅਤੇ ਵਾਤਾਵਰਣ ਪ੍ਰੇਮੀਆਂ ਨੂੰ ਵਾਤਾਵਰਨਿਕ ਚਣੌਤੀਆਂ ਨੂੰ ਦੂਰ ਕਰਨ ਲਈ ਨਵੀਨਤਮ ਹੱਲ ਕਰਨ ਹਿੱਤ ਇਕੱਠੇ ਲਿਆਉਣਾ ਹੈ।

4.0 ਉਕਤ ਹੈਕਾਥਨ ਦੇ ਅੰਤ ਵਿੱਚ 100 ਪ੍ਰਤੀਭਾਗੀਆਂ ਨੂੰ ਰਾਸ਼ਟਰੀ ਪੱਧਰ ਤੇ ਵਾਤਾਵਰਣ, ਜੰਗਲਾਤ ਅਤੇ ਜਲਵਾਯੂ ਪਰਿਵਰਤਨ ਮੰਤਰਾਲੇ ਦੁਆਰਾ ਦਿੱਲੀ ਵਿੱਚ ਆਯੋਜਿਤ ਪ੍ਰੋਗਰਾਮ ਵਿੱਚ ਆਪਣੀ ਰਚਨਾਤਮਕਤਾ/ਨਵੀਨਤਾ ਪ੍ਰਦਰਸ਼ਿਤ ਕਰਨ ਦਾ ਮੌਕਾ ਮਿਲੇਗਾ। ਪ੍ਰੋਗਰਾਮ ਦੀ ਸਮਾਂ-ਰੇਖਾ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ. | ਪ੍ਰੋਗਰਾਮ | ਪ੍ਰਸਤਾਵਿਤ ਸਮਾਂ ਰੇਖਾ |
|---|---|---|
| 1 | ਰਜ਼ਿਸਟ੍ਰੇਸ਼ਨ, ਪੂਰੇ ਭਾਰਤ ਵਿੱਚ ਵਿਦਿਆਰਥੀਆਂ ਦੁਆਰਾ ਇੰਟਰਐਕਟਿਵ ਬੁਝਾਰਤ ਨੂੰ ਹੱਲ ਕਰਨਾ ਅਤੇ idea ਸਬਮਿਸ਼ਨ | 5 ਜੂਨ, 2024- 6 ਸਤੰਬਰ, 2024 |
| 2 | ਮਾਹਿਰਾਂ ਦੁਆਰਾ ideas ਦਾ ਮੁਲਾਂਕਣ | ਸਤੰਬਰ, 2024 – ਅਕਤੂਬਰ, 2024 |
| 3 | ਸਿਖਰ ਦੇ 105 ideas ਦੀ ਚੋਣ ਦੀ ਘੋਸ਼ਣਾ | ਅਕਤੂਬਰ, 2024 ਦੇ ਅੰਧ ਦੌਰਾਨ |
| 4 | ਚੁਣੇ ਗਏ ਵਿਦਿਆਰਥੀਆਂ ਦੇ ਪ੍ਰੋਟੋਟਾਈਪ ਬਣਾਉਣ ਸੰਬੰਧੀ ਮੋਨੀਟਰਿੰਗ | ਨਵੰਬਰ, 2024 |
| 5 | ਦਿੱਲੀ ਵਿੱਚ ਪ੍ਰਦਰਸ਼ਿਤ ਕੀਤਾ ਜਾਣ ਵਾਲਾ 2 ਦਿਨਾਂ ਰਾਸ਼ਟਰੀ ਪੱਧਰ ਦਾ ਸਮਾਗਮ | ਬਾਅਦ ਵਿੱਚ ਸੂਚਿਤ ਕੀਤਾ ਜਾਵੇਗਾ (ਦਸੰਬਰ, 2024 ਦੇ ਆਸ-ਪਾਸ) |

5.0 ਚਾਹਵਾਨ ਵਿਦਿਆਰਥੀ ਇਸ ਹੈਕਾਥਨ ਵਿੱਚ ਭਾਗ ਲੈਣ ਲਈ ਰਜ਼ਿਸਟ੍ਰੇਸ਼ਨ ਸੰਬੰਧੀ ਅਤੇ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ ਵੀਡਿਓ ਦੇਖਣ ਲਈ https://eepmoefcc.nic.in ਲਿੰਕ ਤੇ ਪਹੁੰਚ ਕਰ ਸਕਦੇ ਹਨ।

6.0 ਉਕਤ ਪ੍ਰੋਗਰਾਮ ਵਿੱਚ ਭਾਗ ਲੈਣ ਵਾਲੇ ਸਕੂਲ ਰਜ਼ਿਸਟ੍ਰੇਸ਼ਨ ਜਾਂ Idea Submission ਸੰਬੰਧੀ ਕਿਸੇ ਵੀ ਵਧੇਰੇ ਜਾਣਕਾਰੀ ਲਈ Pi Jam Foundation ਦੀ ਸ੍ਰੀਮਤੀ ਪ੍ਰਾਂਜ਼ਲੀ ਪਾਠਕ, ਪ੍ਰੋਗਰਾਮ ਲੀਡ (ਮੋਬ ਨੰ.98208-03677) ਜਾਂ ਸ੍ਰੀਮਤੀ ਸਾਕਸ਼ੀ ਸ਼ਰਮਾ, ਪਾਰਟਨਰਸ਼ਿਪ ਮੈਨੇਜਰ (ਮੋਬ ਨੰ. 84478-84628) ਨਾਲ ਸੰਪਰਕ ਕਰ ਸਕਦੇ ਹਨ।

7.0 ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਇਹ ਪ੍ਰੋਗਰਾਮ ਲਾਜ਼ਮੀ ਨਹੀਂ ਹੈ। ਅਧਿਆਪਕ ਅਤੇ ਵਿਦਿਆਰਥੀ ਆਪਣੀ ਰੁਚੀ ਨੂੰ ਧਿਆਨ ਵਿੱਚ ਰੱਖ ਕੇ ਹੀ ਫੈਸਲਾ ਲੈ ਸਕਦੇ ਹਨ।

ਅਮਨਿੰਦਰ ਕੌਰ PCS
ਡਾਇਰੈਕਟਰ, ਐੱਸ.ਸੀ.ਈ.ਆਰ.ਟੀ., ਪੰਜਾਬ
ਮਿਤੀ: ਐਸ.ਏ.ਐਸ.ਨਗਰ 12/07/2024

ਪਿੱਠ ਅੰਕਣ ਨੰ: ਉਕਤ

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਸਕੂਲ ਮੁਖੀ

(ਡਾ. ਅਮਨਦੀਪ ਕੌਰ)
ਸਹਾਇਕ ਡਾਇਰੈਕਟਰ
ਐੱਸ.ਸੀ.ਈ.ਆਰ.ਟੀ.,ਪੰਜਾਬ

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ/ਸਿ) ਫਰੀਦਕੋਟ

ਪਿੱਠ ਅੰਕਣ ਨੰ -ਸ-6/2024/645 ਮਿਤੀ 17/7/24

ਉਪਰੋਕਤ ਅੰਕਿਤ ਵਿਸ਼ੇ ਦੇ ਸਬੰਧ ਵਿਚ ਸਮੂਹ ਸਕੂਲ ਮੁਖੀਆਂ ਨੂੰ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਦੀ ਇੰਨ ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਜ਼ਿਲ੍ਹਾ ਸਿੱਖਿਆ ਅਫਸਰ (ਸੈ/ਸਿ)
ਫਰੀਦਕੋਟ

17/7/24